# ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼, ਫਰੀਦਕੋਟ।

ਖੁੱਲੀ ਬੋਲੀ ਨੋਟਿਸ ......5703....

ਮਿਤੀ...22/3/2021

ਵਾਈਸ ਚਾਂਸਲਰ, ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼, ਫਰੀਦਕੋਟ ਦੇ ਬੀਹਾਫ ਤੇ ਰਜਿਸਟਰਾਰ, ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼, ਫਰੀਦਕੋਟ ਵੱਲੋਂ ਇਸ ਨੋਟਿਸ ਰਾਹੀ ਸੂਚਿਤ ਕੀਤਾ ਜਾਂਦਾ ਹੈ ਕਿ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼, ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ, ਫਰੀਦਕੋਟ ਦੇ ਪਾਰਕਿੰਗ ਸਟੈਂਡ ਦੇ ਸਬੰਧ ਵਿੱਚ ਖੁੱਲੀ ਬੋਲੀ ਰਾਹੀਂ ਪਾਰਕਿੰਗ ਸਟੈਂਡ ਠੇਕੇ ਡੇਲੀਵੇਜ਼ ਤੇ ਦਿੱਤਾ ਜਾਵੇਗਾ। ਬੋਲੀ ਮਿਤੀ 26.03.2021 ਨੂੰ ਸਵੇਰੇ 11:00 ਵਜੇ ਮੈਡੀਕਲ ਸੁਪਰਡੈਂਟ, ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ, ਫਰੀਦਕੋਟ ਵਿਖੇ ਕੀਤੀ ਜਾਵੇਗੀ।

ਚਾਹਵਾਨ ਠੇਕੇਦਾਰ ਮੌਕੇ ਉਪੱਰ ਹਾਜ਼ਰ ਹੋ ਕੇ ਬਿਆਨਾ ਰਕਮ 10,000/- ਰੁਪਏ ਪ੍ਰਤੀ ਇਕ ਜਮ੍ਹਾ ਕਰਵਾਕੇ ਬੋਲੀ ਦੇ ਸਕਦੇ ਹਨ, ਜੋ ਕਿ ਸਫ਼ਲ ਬੋਲੀਕਾਰ ਦੀ ਰਕਮ ਰੱਖਕੇ ਬਾਕੀ ਸਭ ਬੋਲੀਕਾਰਾਂ ਨੂੰ ਮੌਕੇ ਉਪਰ ਹੀ ਵਾਪਿਸ ਕਰ ਦਿੱਤੀ ਜਾਵੇਗੀ।

**ਬੋਲੀ ਲਗਾਉਣ ਲਈ ਸ਼ਰਤਾਂ ਸਬੰਧੀ ਹੇਠ ਲਿਖੇ ਅਨੁਸਾਰ ਸੁਝਾਅ ਦਿੱਤਾ ਜਾਂਦਾ ਹੈ ਜੀ:-**

1) ਪਾਰਕਿੰਗ ਸਟੈਂਡ ਦੀ ਖੁੱਲੀ ਬੋਲੀ ਦੀ ਰਾਸ਼ੀ 7500/- ਰੁਪਏ ਪ੍ਰਤੀ ਦਿਨ ਤੋਂ ਸ਼ੁਰੂ ਕੀਤੀ ਜਾਵੇਗੀ।
2) ਪਾਰਕਿੰਗ ਸਟੈਂਡ ਦੇ ਠੇਕੇ ਦੀ ਡੇਲੀਵੇਜ਼ ਦੀ ਰਾਸ਼ੀ ਵੱਧ ਅਦਾ ਕਰੇਗਾ ਉਸ ਨੂੰ ਠੇਕਾ ਦਿੱਤਾ ਜਾਵੇਗਾ।
3) ਸਭ ਤੋਂ ਵੱਧ ਰਾਸ਼ੀ ਦੀ ਬੋਲੀ ਦੇਣ ਵਾਲੇ ਠੇਕੇਦਾਰ ਤੋਂ 15 ਦਿਨਾਂ ਦੀ ਰਕਮ ਦੇ ਬਰਾਬਰ ਦੀ ਰਕਮ ਸਕਿਊਰਟੀ ਦੇ ਰੂਪ ਵਿੱਚ ਮੌਕੇ ਤੇ ਜਮ੍ਹਾਂ ਕਰਵਾਉਣੀ ਪਵੇਗੀ।
4) ਸ਼ੁਰੂ ਵਿੱਚ ਇਸ ਕੰਮ ਦੀ ਮਿਆਦ 45 ਦਿਨ ਦੀ ਹੋਵੇਗੀ। ਜਿਸ ਦੇ ਨਾਮ ਤੇ ਪਾਰਕਿੰਗ ਸਟੈਂਡ ਦਾ ਠੇਕਾ ਜਾਰੀ ਹੋਵੇਗਾ, ਉਸ ਨੂੰ ਪ੍ਰਤੀ ਦਿਨ ਦੀ ਕਿਸਤ ਮੈਡੀਕਲ ਸੁਪਰਡੈਂਟ, ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਦੇ ਦਫਤਰ ਵਿਖੇ ਐਂਡਵਾਂਸ ਜਮ੍ਹਾਂ ਕਰਵਾਏਗਾ, ਜੇਕਰ ਇਹ ਪੈਸੇ ਨਹੀਂ ਜਮ੍ਹਾ ਹੋਵੇਗਾ ਤਾਂ ਉਸਨੂੰ ਕੰਮ ਨਹੀਂ ਕਰਨ ਦਿੱਤਾ ਜਾਵੇਗਾ।
5) ਸਟੈਂਡ ਤੇ ਸਾਈਕਲ/ਵਾਹਨ ਦੇ ਗਵਾਚਣ ਤੇ ਠੇਕੇਦਾਰ ਨੂੰ ਉਸ ਦੀ ਕੀਮਤ (ਜੋ ਰਜਿਸਟਰਾਰ, ਬੀ.ਐਫ.ਯੂ.ਐੱਚ.ਐੱਸ. ਵੱਲੋਂ ਬਣਾਈ ਕਮੇਟੀ ਨਿਸ਼ਚਿਤ ਕਰੇਗੀ) ਅਦਾ ਕਰਨੀ ਪਵੇਗੀ। ਇਸ ਵਿੱਚ ਪਾਸ ਹੋਲਡਰ ਵਹੀਕਲ ਵੀ ਸ਼ਾਮਿਲ ਹੋਣਗੇ।
6) ਬੋਲੀ ਵਿੱਚ ਹਿੱਸੇ ਲੈਣ ਵਾਲੇ ਬਿਨੈਕਾਰ ਨੂੰ ਹਿੱਸਾ ਲੈਣ ਲਈ 10,000/- ਰੁਪਏ ਜਮ੍ਹਾਂ ਕਰਵਾਉਣੇ ਪੈਣਗੇ ਜੋ ਕਿ ਬੋਲੀ ਖਤਮ ਹੋਣ ਉਪਰੰਤ ਮੋੜ ਦਿੱਤੇ ਜਾਣਗੇ ਅਤੇ ਸਫਲ ਬੋਲੀ ਦੇਣ ਵਾਲੇ ਹਿੱਸੇਦਾਰ ਦੀ ਅਡਜਸਟ ਕਰ ਲਏ ਜਾਣਗੇ।
7) ਪਾਰਕਿੰਗ ਦੀ ਜਗ੍ਹਾ ਠੇਕੇਦਾਰ ਨੂੰ ਉਕਤ ਸਟੈਂਡ ਵਾਸਤੇ ਥਾਂ ਹੇਠ ਲਿਖੇ ਅਨੁਸਾਰ ਦਿੱਤੀ ਜਾਵੇਗੀ:-
   - ਹਸਪਤਾਲ ਦੇ ਮੁੱਖ ਦੁਆਰ (ਚੜਦੇ ਵਾਸੇ ਵੱਲ) ਜਿੱਥੇ ਮੌਜੂਦਾ ਸਟੈਂਡ ਹੈ।
   - ਐਮਰਜੈਂਸੀ ਵਿਭਾਗ ਦੇ ਸਾਹਮਣੇ ਵਾਲੀ ਥਾਂ।
   - ਆਕਸੀਜਨ ਪਲਾਂਟ ਵਾਲੇ ਪਾਸੇ ਕੈਂਸਰ ਵਿਭਾਗ ਦੇ ਨਾਲ ਵਾਲੇ ਗੇਟ ਤੇ।
   - ਨਵੇਂ ਓ.ਪੀ.ਡੀ. ਬਲਾਕ ਦੇ ਸਾਹਮਣੇ/ ਨਾਲ ਵਾਲੀ ਜਗ੍ਹਾ।
   - ਡੀ-ਅਡਿਕਸ਼ਨ ਸੈਂਟਰ ਦੀ ਪਾਰਕਿੰਗ ਵਾਲੀ ਜਗ੍ਹਾ।
   - ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫਰੀਦਕੋਟ ਦੀ ਬਿਲਡਿੰਗ ਵਿਕੇ ਪਾਰਕਿੰਗ ਵਾਲੀ ਜਗ੍ਹਾ।
   - ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼, ਫਰੀਦਕੋਟ ਅਤੇ ਸੈਂਟਰਲ ਲਾਇਬ੍ਰੇਰੀ ਦੀ ਬਿਲਡਿੰਗ ਵਿਖੇ ਪਾਰਕਿੰਗ ਵਾਲੀ ਜਗ੍ਹਾ।
8) ਰਜਿਸਟਰਾਰ, ਬੀ.ਐਫ.ਯੂ.ਐੱਚ.ਐੱਸ. ਨੂੰ ਕਿਸੇ ਕਾਰਨ ਠੇਕੇ ਨੂੰ ਕਿਸੇ ਹੋਰ ਵਿਅਕਤੀ ਨੂੰ ਦੇਣ ਜਾ ਰੱਦ ਕਰਨ ਲਈ ਠੇਕੇ ਦਾ ਸਮਾਂ ਵਧਾਉਣ ਜਾਂ ਘਟਾਉਣ ਲਈ ਸਭ ਹੱਕ ਰਾਖਵੇਂ ਹਨ ਤੇ ਸਟੈਂਡ ਦੀ ਅਦਲਾ-ਬਦਲੀ ਕਰਨ ਦੇ ਹੱਕ ਵੀ ਹਨ।

9) ਠੇਕੇਦਾਰ ਮਰੀਜ਼ਾਂ ਜਾਂ ਉਨ੍ਹਾਂ ਦੇ ਰਿਸ਼ਤੇਦਾਰਾ/ਸਹਿਯੋਗੀਆਂ ਪਾਸੋਂ ਪਾਰਕਿੰਗ ਸਟੈਂਡ ਤੇ ਵਹੀਕਲ ਆਦਿ ਰੱਖਣ ਲਈ ਹੇਠ ਲਿਖੇ ਅਨੁਸਾਰ ਪੈਸੇ ਚਾਰਜ ਕਰਨਗੇ।

| ਲੜੀ ਨੰ. | ਵਾਹਨ ਦੀ ਕਿਸਮ | 24 ਘੰਟੇ ਦੌਰਾਨ (Full Day Token/Pass)<br>Irrespective of Nos. of Trips or multiple entries) |
|---|---|---|
| 1 | ਸਾਈਕਲ | 5/- |
| 2 | ਸਕੂਟਰ/ਮੋਪਡ/ਮੋਟਰ ਸਾਈਕਲ | 10/- |
| 3 | ਕਾਰ/ਜੀਪ ਆਦਿ | 20/- |

ਨੋਟ:- ਇਹ ਚਾਰਜ 24 ਘੰਟਿਆਂ (8.00 a.m. to 8.00 a.m only) ਲਈ ਲਾਗੂ ਹੋਣਗੇ। ਇੱਕ ਵਾਰ ਪਰਚੀ ਕੱਟਣ ਤੋਂ ਬਾਅਦ ਠੇਕੇਦਾਰ 24 ਘੰਟੇ ਦੌਰਾਨ ਉਕਤ ਤੈਅ ਦਰ੍ਹਾਂ ਤੋਂ ਇਲਾਵਾ ਚਾਰਜ ਨਹੀਂ ਕਰੇਗਾ। ਜਿਸ ਅਨੁਸਾਰ ਵਾਹਨ ਮਾਲਕ/ਚਾਲਕ ਨੂੰ 24 ਘੰਟੇ ਦੌਰਾਨ ਹਰ ਚੱਕਰ ਦੇ ਚਾਰਜ ਨਹੀਂ ਲੱਗਣਗੇ।

10) ਠੇਕੇਦਾਰ ਸਟੈਂਡ ਦੀ ਸਫਾਈ ਦਾ ਪੂਰਾ ਖਿਆਲ ਰੱਖੇਗਾ ਤੇ ਕਿਸੇ ਵੀ ਵਹੀਕਲ ਨੂੰ ਕੋਈ ਨੁਕਸਾਨ ਨਹੀਂ ਪਹੁੰਚਣ ਦੇਵੇਗਾ।

11) ਇਸ ਸਰਵਿਸ ਦੇ ਜੀ.ਐਸ.ਟੀ ਦੀ ਅਦਾਇਗੀ ਸਫਲ ਬੋਲੀਕਾਰ ਵੱਲੋਂ ਹੀ ਕੀਤੀ ਜਾਵੇਗੀ।

12) ਕਿਸੇ ਕਿਸਮ ਦਾ ਝਗੜਾ ਹੋਣ ਤੇ ਸੁਣਵਾਈ ਦਾ ਅਧਿਕਾਰ ਰਜਿਸਟਰਾਰ, ਬਾਬਾ ਫਰੀਦ ਯੂਨੀਵਰਸਿਟੀ ਆਫ ਹੈੱਲਥ ਸਾਇੰਸਿਜ਼, ਫਰੀਦਕੋਟ ਪਾਸ ਹੋਵੇਗਾ।

ਰਜਿਸਟਰਾਰ,
ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼,
ਫਰੀਦਕੋਟ।